# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
3. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
4. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰ।

ਮੀਮੋ ਨੰ:ਸਸਅ/ਐਮਸੀ/2010/62293-62372
ਮਿਤੀ,ਚੰਡੀਗੜ੍ਹ 01-10-2010

**ਵਿਸ਼ਾ :-** **ਸਕੂਲ ਗ੍ਰਾਂਟ ਵਿੱਚੋਂ ਲੋੜੀਂਦਾ ਸਾਇੰਸ/ਮੈਥ ਦਾ ਸਮਾਨ ਖ੍ਰੀਦਣ ਸਬੰਧੀ।(ਸਿਰਫ਼ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਧੀਨ ਅਪਗ੍ਰੇਡ ਹੋਏ ਮਿਡਲ ਸਕੂਲਾਂ ਲਈ)**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਧੀਨ ਅੱਪਗ੍ਰੇਡਿਡ ਸਕੂਲਾਂ ਵਿੱਚ ਲਗਾਤਾਰ ਵਿਦਿਆਰਥੀਆਂ ਦੀ ਗਿਣਤੀ ਵੱਧ ਰਹੀ ਹੈ ਅਤੇ ਬਕਾਇਦਾ ਤੌਰ ਤੇ ਸਾਇੰਸ ਅਤੇ ਮੈਥ ਵਿਸ਼ਿਆਂ ਦੀ ਪੜ੍ਹਾਈ ਕਰਵਾਈ ਜਾ ਰਹੀ ਹੈ। ਪਰ ਵੱਖ-ਵੱਖ ਨਿਰੀਖਣ ਟੀਮਾਂ ਦੇ ਸਰਵੇਖਣ ਅਤੇ ਇਨ੍ਹਾਂ ਸਕੂਲਾਂ ਵਿੱਚ ਕੰਮ ਕਰਦੇ ਵਿਸ਼ਾ ਅਧਿਆਪਕਾਂ ਵੱਲੋਂ ਆਈ ਮੰਗ ਨੂੰ ਦੇਖਦਿਆਂ ਹੋਇਆਂ ਕਿ ਇਹਨਾਂ ਸਕੂਲਾਂ ਵਿੱਚ ਕੋਈ ਸਾਇੰਸ ਅਤੇ ਮੈਥ ਵਿਸ਼ਿਆਂ ਦੀਆਂ ਆਈਟਮਾਂ ਪ੍ਰਾਪਤ ਨਹੀਂ ਹੋਈਆਂ ਅਤੇ ਨਾ ਹੀ ਇਨ੍ਹਾਂ ਸਕੂਲਾਂ ਨੂੰ ਪਿਛਲੇ ਸੈਸ਼ਨ 2008-09, 2009-10 ਵਿੱਚ ਕੋਈ ਸਾਇੰਸ ਅਤੇ ਮੈਥ ਵਿਸ਼ਿਆਂ ਦਾ ਸਮਾਨ ਖ੍ਰੀਦਣ ਦੀ ਗ੍ਰਾਂਟ ਦਿੱਤੀ ਗਈ ਸੀ।ਇਸ ਲਈ ਸਾਇੰਸ ਅਤੇ ਮੈਥ ਵਿਸ਼ਿਆਂ ਦੀ ਗੁਣਾਤਮਕ ਪੜ੍ਹਾਈ ਨੂੰ ਵਿਦਿਆਰਥੀਆਂ ਤੱਕ ਪਹੁੰਚਾਉਣ ਲਈ ਇਸ ਦਫ਼ਤਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਇਨ੍ਹਾਂ (ਸਿਰਫ਼ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਧੀਨ ਅਪਗ੍ਰੇਡ ਹੋਏ ਮਿਡਲ) ਸਕੂਲਾਂ ਵਿੱਚ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤਾਂ ਦੇ ਸਿਲੇਬਸ ਨੂੰ ਮੁੱਖ ਰੱਖਦੇ ਹੋਏ, ਇਨ੍ਹਾਂ ਸਕੂਲਾਂ ਨੂੰ ਇੱਕ ਹਜ਼ਾਰ ਰੁਪਏ ਸਾਇੰਸ ਵਿਸ਼ੇ ਦੀਆਂ ਆਈਟਮਾਂ ਅਤੇ ਇੱਕ ਹਜ਼ਾਰ ਰੁਪਏ ਦੀ ਗਣਿਤ ਵਿਸ਼ੇ ਦੀਆਂ ਆਈਟਮਾਂ ਖ੍ਰੀਦ ਲੈਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਜੋ ਇਨ੍ਹਾਂ ਸਕੂਲਾਂ ਵਿੱਚ ਪੜ੍ਹ ਰਹੇ

ਵਿਦਿਆਰਥੀਆਂ ਨੂੰ ਬਕਾਇਦਾ ਤੌਰ ਤੇ ਸਾਇੰਸ ਵਿਸ਼ੇ ਦੇ ਪ੍ਰੈਕਟੀਕਲ ਅਤੇ ਮੈਥ ਵਿਸ਼ੇ ਦੀਆਂ ਐਕਟੀਵੀਟੀਆਂ ਕਰਵਾਈਆਂ ਜਾ ਸਕਣ।

3.0 ਇਹ ਪੈਸੇ ਸਕੂਲ ਗਰਾਂਟ ਤੋਂ ਖਰਚ ਕੀਤੇ ਜਾਣਗੇ।ਖਰੀਦ ਪੇਂਡੂ ਵਿਕਾਸ ਕਮੇਟੀ ਦੁਆਰਾ ਵਿਸ਼ਾ ਅਧਿਆਪਕ ਦੀ ਸਲਾਹ ਅਨੁਸਾਰ ਹਦਾਇਤਾਂ ਮੁਤਾਬਕ ਖਰਚ ਕੀਤੀ ਜਾਵੇਗੀ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

**ਪਿਠਅੰਕਣ ਨੰ:ਸਸਅ/ਐਮਸੀ**/2010/62373 **ਮਿਤੀ,ਚੰਡੀਗੜ੍ਹ** 01-10-2010

ਉਤਾਰਾ :- ਉਪਰੋਕਤ ਦਾ ਉਤਾਰਾ ਡੀ.ਐਮ.(ਐਮ.ਆਈ.ਐਸ.) ਨੂੰ ਵੈੱਬ-ਸਾਈਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**